# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 31-01-2025**

- ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਏ ਕਿ ਵਿਸ਼ਵ ਭਰ ਵਿਚ ਅਸਥਿਰਤਾ ਦਰਮਿਆਨ, ਭਾਰਤ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਥਿਰਤਾ ਦੇ ਥੰਮ੍ਹ ਵਜੋਂ ਵਿਸ਼ਵ ਦੇ ਸਾਹਮਣੇ ਇੱਕ ਮਿਸਾਲ ਕਾਇਮ ਕਰ ਰਿਹਾ ਏ।
- ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਸੰਸਦ ਦੀਆਂ ਦੋਹਾਂ ਸਭਾਵਾਂ ਵਿਚ ਆਰਥਿਕ ਸਰਵੇਖਣ ਪੇਸ਼ ਕੀਤਾ - ਸਾਲ 2025-26 ਲਈ ਆਮ ਬਜਟ ਕੱਲ ਪੇਸ਼ ਕੀਤਾ ਜਾਵੇਗਾ I
- ਫਿਰੋਜ਼ਪੁਰ 'ਚ ਅੱਜ ਸਵੇਰੇ ਵਾਪਰੇ ਦਰਦਨਾਕ ਸੜਕ ਹਾਦਸੇ 'ਚ, 12 ਲੋਕਾਂ ਦੀ ਮੌਤ ਹੋ ਗਈ ਅਤੇ 9 ਜ਼ਖਮੀ ਹੋਏ ਨੇ I
- ਮੌਸਮ ਵਿਭਾਗ ਨੇ ਅੱਜ ਤੋਂ 5 ਫਰਵਰੀ ਤੱਕ ਪੰਜਾਬ, ਹਰਿਆਣਾ ਵਿੱਚ ਹਲਕੀ ਬਾਰਸ਼ ਹੋਣ ਦੀ ਸੰਭਾਵਨਾ ਜਤਾਈ I
- ਕਿਲ੍ਹਾ ਰਾਏਪੁਰ ਪੇਂਡੂ ਓਲੰਪਿਕ ਖੇਡਾਂ ਅੱਜ ਤੋਂ ਹੋਈਆਂ ਸ਼ੁਰੂ I

---------------------------------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਏ ਕਿ ਵਿਸ਼ਵ ਭਰ ਵਿਚ ਅਸਥਿਰਤਾ ਦਰਮਿਆਨ , ਭਾਰਤ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਥਿਰਤਾ ਦੇ ਥੰਮ੍ਹ ਵਜੋਂ ਵਿਸ਼ਵ ਦੇ ਸਾਹਮਣੇ ਇੱਕ ਮਿਸਾਲ ਕਾਇਮ ਕਰ ਰਿਹਾ ਏ। ਰਾਸ਼ਟਰਪਤੀ ਨੇ ਇਹ ਗੱਲ ਅੱਜ ਸੰਸਦ ਭਵਨ ਵਿੱਚ ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਕਹੀ । ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਸਾਲ 2047 ਤੱਕ ਦੇਸ਼ ਦੀਆਂ ਆਉਣ ਵਾਲੀਆਂ ਪੀੜੀਆਂ ਨਿਸ਼ਚਿਤ ਰੂਪ ਨਾਲ ਇੱਕ ਵਿਕਸਿਤ, ਮਜ਼ਬੂਤ, ਸਮਰੱਥ ਅਤੇ ਖੁਸ਼ਹਾਲ ਭਾਰਤ ਦੇ ਰੂਪ ਵਿੱਚ ਉੱਭਰਨਗੀਆਂ। ਸ਼੍ਰੀਮਤੀ ਮੁਰਮੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ, ਦੇਸ਼ ਭਰ ਵਿੱਚ ਵਿਸਤਾਰ ਕਰਨ ਦਾ ਫੈਸਲਾ ਕੀਤਾ ਗਿਆ ਏ । BYTE: ਰਾਸ਼ਟਰਪਤੀ ਨੇ ਕਿਹਾ ਕਿ ਧਰਤੀ ਆਬ ਜਨਜਾਤੀਆ ਗ੍ਰਾਮ ਉਤਕਰਸ਼ ਅਭਿਆਨ ਦੀ ਸ਼ੁਰੂਆਤ, ਪੰਜ ਕਰੋੜ ਕਬਾਇਲੀ ਲੋਕਾਂ ਲਈ ਕੀਤੀ ਗਈ ਏ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਆਯੁਸ਼ਮਾਨ ਭਾਰਤ ਯੋਜਨਾ ਤਹਿਤ, ਸੀਨੀਅਰ ਨਾਗਰਿਕਾਂ ਨੂੰ ਸਿਹਤ ਬੀਮਾ ਲਾਭ ਦੇਣ ਦਾ ਫੈਸਲਾ ਕੀਤਾ ਏ।

---------------------------------------------------------------------

ਮਾਲੀ ਸਾਲ 2025 ਵਿੱਚ ਭਾਰਤ ਦੀ ਅਸਲ ਕੁਲ ਘਰੇਲੂ ਉਤਪਾਦ-GDP ਵਿੱਚ 6.4 ਫੀਸਦੀ ਵਾਧਾ ਹੋਣ ਦਾ ਅਨੁਮਾਨ ਏ ਅਤੇ ਮਾਲੀ ਸਾਲ 2026 ਵਿੱਚ ਵਿਕਾਸ ਦਰ 6.3 ਤੋਂ 6.8 ਫੀਸਦੀ ਦਰਮਿਆਨ ਰਹਿਣ ਦੀ ਉਮੀਦ ਏ। ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਅੱਜ ਸੰਸਦ ਦੀਆਂ ਦੋਹਾਂ ਸਭਾਵਾਂ ਵਿਚ ਪੇਸ਼ ਕੀਤੇ ਗਏ ਆਰਥਿਕ ਸਰਵੇਖਣ ਵਿੱਚ ਇਹ ਅਨੁਮਾਨ ਦੱਸਿਆ ਗਿਆ ਏ। ਆਰਥਿਕ ਸਰਵੇਖਣ ਉਜਾਗਰ ਕਰਦਾ ਏ ਕਿ ਮਾਲੀ ਸਮਾਵੇਸ਼ ਅਤੇ ਸਥਿਰ ਨਿੱਜੀ ਖਪਤ ਦੇ ਨਾਲ ਘਰੇਲੂ ਆਰਥਿਕਤਾ ਦੇ ਬੁਨਿਆਦੀ ਤੱਤ ਮਜ਼ਬੂਤ ਬਣੇ ਹੋਏ ਨੇ. ਇਸ ਵਿਚ ਕਿਹਾ ਗਿਆ ਏ ਕਿ ਦੇਸ਼ ਨੇ ਖੇਤੀਬਾੜੀ ਅਤੇ ਸੇਵਾ ਖੇਤਰ ਦੀ ਹਮਾਇਤ ਪ੍ਰਾਪਤ ਸਥਿਰ ਆਰਥਿਕ ਵਿਕਾਸ ਦਰਸਾਇਆ ਏ। ਸਾਉਣੀ ਦੇ ਰਿਕਾਰਡ ਉਤਪਾਦਨ ਅਤੇ ਸੁਖਾਵੇਂ ਖੇਤੀਬਾੜੀ ਹਾਲਾਤ ਕਾਰਨ ਪੇਂਡੂ ਮੰਗ ਵਿੱਚ ਸੁਧਾਰ ਦੇਖਣ ਨੂੰ ਮਿਲ ਰਿਹਾ ਏ। ਸਰਵੇਖਣ ਇਹ ਉਜਾਗਰ ਕਰਦਾ ਏ ਕਿ ਨਿਰਮਾਣ ਖੇਤਰ ਨੂੰ ਕਮਜ਼ੋਰ ਆਲਮੀ ਮੰਗ ਅਤੇ ਘਰੇਲੂ ਮੌਸਮੀ ਸਥਿਤੀਆਂ ਕਾਰਨ ਦਬਾਅ ਦਾ ਸਾਹਮਣਾ ਕਰਨਾ ਪਿਆ। ਨਿੱਜੀ ਖਪਤ ਸਥਿਰ ਰਹੀ, ਜੋ ਕਿ ਸਥਿਰ ਘਰੇਲੂ ਮੰਗ ਨੂੰ ਦਰਸਾਉਂਦੀ ਏ।

ਸਰਵੇਖਣ ਵਿੱਚ ਦੱਸਿਆ ਗਿਆ ਏ ਕਿ ਸੇਵਾਵਾਂ ਦੇ ਵਪਾਰ ਸਰਪਲੱਸ ਅਤੇ ਦੇਸ਼ ‘ਚ ਭੇਜੀ ਜਾਣ ਵਾਲੀ ਰਕਮ ‘ਚ ਚੰਗੇ ਵਾਧੇ ਦੀ ਹਮਾਇਤ ਨਾਲ ਮਾਲੀ ਅਨੁਸ਼ਾਸਨ ਅਤੇ ਮਜ਼ਬੂਤ ਬਾਹਰੀ ਸੰਤੁਲਨ ਨੇ ਵਿਆਪਕ ਆਰਥਿਕ ਸਥਿਰਤਾ’ਚ ਯੋਗਦਾਨ ਪਾਇਆ ਏ. ਸਰਵੇਖਣ ਵਿੱਚ, ਦੇਸ਼ ਦੀ ਦਰਮਿਆਨੀ-ਮਿਆਦ ਦੀ ਵਿਕਾਸ ਸੰਭਾਵਨਾ ਨੂੰ ਮਜ਼ਬੂਤ ਕਰਨ ਲਈ, ਜ਼ਮੀਨੀ ਪੱਧਰ ਦੇ ਢਾਂਚਾਗਤ ਸੁਧਾਰਾਂ ਅਤੇ ਗੈਰ – ਨੇਮਬਧ ਕੀਤੇ ਜਾਣ ਰਾਹੀਂ ਦੇਸ਼ ਦੀ ਵਿਸ਼ਵ ਪੱਧਰੀ ਮੁਕਾਬਲੇਬਾਜ਼ੀ ਨੂੰ ਸੁਧਾਰਨ 'ਤੇ ਵੀ ਜ਼ੋਰ ਦਿੱਤਾ ਗਿਆ ਏ । ਸਰਵੇਖਣ ਇਹ ਦਰਸਾਉਂਦਾ ਏ ਕਿ 2011-12 ਵਿਚ ਸਥਿਰ ਕੀਮਤਾਂ 'ਤੇ ਦੇਸ਼ ਦੀ GDP ਮਾਲੀ ਸਾਲ 2025 ਦੀ ਪਹਿਲੀ ਤਿਮਾਹੀ ਵਿੱਚ 6.7 ਫੀਸਦੀ ਅਤੇ ਦੂਜੀ ਤਿਮਾਹੀ ਵਿੱਚ 5.4 ਫੀਸਦੀ ਵਧੀ ਏ । ਇਸਦਾ ਮਤਲਬ ਏ ਕਿ ਚਾਲੂ ਮਾਲੀ ਸਾਲ ਦੀ ਪਹਿਲੀ ਛਿਮਾਹੀ ਵਿਚ ਅਸਲ GDP ਵਿਕਾਸ ਦਰ 6 ਫੀਸਦੀ ਹੋਏਗੀ। ਮਾਲੀ ਸਾਲ 2025 ਦੀ ਪਹਿਲੀ ਛਿਮਾਹੀ ਵਿੱਚ ਖੇਤੀਬਾੜੀ ਵਾਧਾ ਸਥਿਰ ਰਿਹਾ, ਜਦੋਂ ਕਿ ਦੂਜੀ ਤਿਮਾਹੀ ਵਿੱਚ 3.5 ਫੀਸਦੀ ਦੀ ਵਾਧਾ ਦਰ ਦਰਜ ਕੀਤੀ ਗਈ। ਸਾਉਣੀ ਦਾ ਉਤਪਾਦਨ, ਆਮ ਨਾਲੋਂ ਵੱਧ

ਮਾਨਸੂਨ, ਅਤੇ ਜਲ ਭੰਡਾਰਾਂ ਦੇ ਢੁਕਵੇਂ ਪੱਧਰਾਂ ਨੇ ਖੇਤੀਬਾੜੀ ਵਿਕਾਸ ਨੂੰ ਹਮਾਇਤ ਦਿੱਤੀ. ਮਾਲੀ ਸਾਲ 2025 ਦੀ ਪਹਿਲੀ ਛਿਮਾਹੀ ਵਿੱਚ ਸਨਅਤੀ ਖੇਤਰ ਵਿੱਚ ਛੇ ਫੀਸਦੀ ਵਾਧਾ ਹੋਇਆ ਅਤੇ ਪਹਿਲੀ ਤਿਮਾਹੀ ਵਿੱਚ 8.3 ਫੀਸਦੀ ਦਾ ਮਜ਼ਬੂਤ ਵਾਧਾ ਦਰਜ ਕੀਤਾ ਗਿਆ। ਮਾਲੀ ਸਾਲ 2025 ਦੀ ਪਹਿਲੀ ਛਿਮਾਹੀ ਵਿੱਚ ਸੇਵਾਵਾਂ ਦੇ ਖੇਤਰ ਨੇ 7.1 ਫੀਸਦੀ ਵਾਧੇ ਦੇ ਨਾਲ ਵਧੀਆ ਕਾਰਗੁਜ਼ਾਰੀ ਜਾਰੀ ਰਖੀ ।

ਸਰਵੇਖਣ ਦਰਸਾਉਂਦਾ ਏ ਕਿ ਮਾਲੀ ਅਨੁਸ਼ਾਸਨ ਵਿੱਚ ਹੌਲੀ-ਹੌਲੀ ਸੁਧਾਰ ਹੋਇਆ ਏ । ਖਪਤਕਾਰ ਕੀਮਤਾਂ ਦੇ ਸੂਚਕਅੰਕ ਮੁਤਾਬਿਕ ਪ੍ਰਚੂਨ ਮਹਿੰਗਾਈ ਮਾਲੀ ਸਾਲ 2024 ਵਿੱਚ 5.4 ਫੀਸਦੀ ਤੋਂ ਘਟ ਕੇ ਅਪ੍ਰੈਲ ਤੋਂ ਦਸੰਬਰ 2024 ਵਿੱਚ 4.9 ਫੀਸਦੀ ਹੋ ਗਈ । ਸਬਜ਼ੀਆਂ ਦੀਆਂ ਕੀਮਤਾਂ ਘੱਟ ਹੋਣ ਅਤੇ ਸਾਉਣੀ ਦੀਆਂ ਫਸਲਾਂ ਦੀ ਆਮਦ ਨਾਲ ਮਾਲੀ ਸਾਲ 2025 ਦੀ ਪਹਿਲੀ ਤਿਮਾਹੀ ਵਿਚ ਖੁਰਾਕੀ ਵਸਤਾਂ ਦੀ ਮਹਿੰਗਾਈ ਦਰ ਘਟਣ ਦੀ ਉਮੀਦ ਏ. ਰੁਜ਼ਗਾਰ ਦੇ ਮੁਹਾਜ਼ 'ਤੇ, ਸਰਵੇਖਣ ਵਿਚ ਦਸਿਆ ਗਿਆ ਏ ਕਿ 2023-24 ਦੇ ਸਾਲਾਨਾ ਮਿਆਦੀ ਕਿਰਤ ਬਲ ਸਰਵੇਖਣ (PLFS) ਅਨੁਸਾਰ 15 ਸਾਲ ਜਾਂ ਇਸ ਤੋਂ ਵੱਧ

ਉਮਰ ਦੇ ਵਿਅਕਤੀਆਂ ਲਈ ਬੇਰੁਜ਼ਗਾਰੀ ਦੀ ਦਰ 2017-18 ਵਿੱਚ 6 ਫੀਸਦੀ ਤੋਂ ਲਗਾਤਾਰ ਘੱਟਦਿਆਂ 2023-24 ਵਿੱਚ 3.2 ਫੀਸਦੀ ਹੋ ਗਈ ਏ.

--------------------------------------------------------------------------------

ਭਲਕੇ ਸੰਸਦ 'ਚ ਪੇਸ਼ ਹੋਣ ਵਾਲੇ ਬਜਟ ਤੋਂ ਪੰਜਾਬ ਸਮੇਤ ਦੇਸ਼ ਭਰ ਦੇ ਲੋਕਾਂ ਨੂੰ ਬੜੀਆਂ ਆਸਾਂ ਨੇ। ਖਜ਼ਾਨਾ ਮੰਤਰੀ ਨਿਰਮਲਾ ਸਿਤਾਰ੍ਮਨ ਵੱਲੋਂ ਪੇਸ਼ ਕੀਤੇ ਜਾਣ ਵਾਲੇ, ਇਸ ਬਜਟ ਤੋਂ ਜਿਥੇ ਸਨਅਤਕਾਰ ਇੱਕਸਾਰ GST ਦੀ ਮੰਗ ਕਰ ਰਹੇ ਨੇ, ਉਥੇ ਹੀ ਨੌਕਰੀਪੇਸ਼ਾ ਮਧ ਵਰਗ, ਆਮ ਆਦਮੀ ਨੂੰ ਟੈਕਸ ਵਿਚ ਛੋਟ ਦੀ ਉਮੀਦ ਏ। ਭਾਰਤੀ ਇੰਜੀਨਿਅਰਿੰਗ ਦਰਾਮਦ ਕੌਂਸਲ ਦੇ ਲੁਧਿਆਣਾਂ ਤੋਂ ਪ੍ਰਧਾਨ, ਉਪਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਸਨਅਤ ਲਈ ਮਜ਼ਬੂਤ ਬੁਨਿਆਦੀ ਢਾਂਚੇ ਦੀ ਜ਼ਰੂਰਤ ਏ- BYTE ਤਰਨ ਤਾਰਨ ਤੋਂ ਰੋਹਿਤ ਸ਼ਰਮਾ ਨੇ ਪੰਜਾਬ ਲਈ ਸਨਅਤੀ ਪੈਕੇਜ ਦੀ ਮੰਗ ਕਰਦਿਆਂ ਕਿਹਾ – BYTE –ਪੰਜਾਬ ਦੀਆਂ ਛੋਟੀਆਂ ਸਨਅਤਾ ਦੇ ਸੰਘ ਦੇ ਪ੍ਰਧਾਨ, ਬਦੀਸ਼ ਜਿੰਦਲ ਨੇ ਰੁਜ਼ਗਾਰ ਦੇਣ ਵਾਲਿਆਂ ਲਈ ਸਮਾਜਿਕ ਸੁਰਖਿਆ ਅਤੇ ਨੌਕਰੀ ਪੇਸ਼ਾ ਲਈ ਟੈਕਸ ਵਿਚ ਛੋਟ ਨੂੰ ਵਧਾਉਣ ਦੀ ਆਸ ਕਰਦਿਆਂ

ਕਿਹਾ BYTE -

-----------------------------------------------------------------------

ਫਿਰੋਜ਼ਪੁਰ 'ਚ ਅੱਜ ਸਵੇਰੇ ਵਾਪਰੇ ਦਰਦਨਾਕ ਸੜਕ ਹਾਦਸੇ 'ਚ 12 ਲੋਕਾਂ ਦੀ ਮੌਤ ਹੋ ਗਈ ਅਤੇ 9 ਜ਼ਖਮੀ ਹੋ ਗਏ ਨੇ । 5 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ 7 ਹੋਰਨਾਂ ਨੇ ਬਾਅਦ 'ਚ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ। ਜ਼ਖਮੀਆਂ ਨੂੰ ਫਿਰੋਜ਼ਪੁਰ ਅਤੇ ਫਰੀਦਕੋਟ ਦੇ ਵੱਖ-ਵੱਖ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ ਏ । ਪੁਲਿਸ ਹਲਕਿਆਂ ਮੁਤਾਬਿਕ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ ਪਿਕਅੱਪ ਵੈਨ, ਜਿਸ ਵਿੱਚ 20 ਤੋਂ ਵੱਧ ਲੋਕ ਸਵਾਰ ਸਨ, ਇੱਕ ਕੈਂਟਰ ਨਾਲ ਟਕਰਾ ਗਈ । ਇਹ ਸਾਰੇ ਇੱਕ ਸਮਾਗਮ ਵਿੱਚ ਆਪਣੀ ਡਿਊਟੀ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਵੇਟਰ ਸਨ।ਇਸ ਦੌਰਾਨ ਹਲਕਾ ਗੁਰੂਹਰਸਹਾਏ ਦੇ ਵਿਧਾਇਕ ਫੌਜਾ ਸਿੰਘ ਸਰਾਂ ਨੇ ਦੱਸਿਆ ਕਿ ਪੰਜਾਬ ਸੂਬਾ ਸਰਕਾਰ ਨੇ ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ, 2-2 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਏ । ਜ਼ਖਮੀਆਂ ਦੇ ਇਲਾਜ ਦਾ ਖਰਚਾ ਵੀ ਸੂਬਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ ।BYTE:

---------------------------------------------------------------------

ਪੰਜਾਬ ਦੇ ਪ੍ਰਮੁੱਖ ਖੇਡ ਮੁਕਾਬਲਿਆਂ ਵਿੱਚੋਂ ਇੱਕ ਕਿਲ੍ਹਾ ਰਾਏਪੁਰ ਪੇਂਡੂ ਓਲੰਪਿਕ 2025 ਦਾ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਰਾਏਪੁਰ ਸਟੇਡੀਅਮ ਵਿਖੇ ਉਦਘਾਟਨ ਕੀਤਾ। ਇਹ ਖੇਡਾਂ 2 ਫਰਵਰੀ ਤਕ ਚੱਲਣਗੀਆਂ । ਇਸ ਮੌਕੇ ਸੰਬੋਧਨ ਕਰਦਿਆਂ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਇਹ ਇਤਿਹਾਸਕ ਖੇਡਾਂ ਕਰਵਾਉਣ ਲਈ 75 ਲੱਖ ਰੁਪਏ ਦਾ ਬਜਟ ਰੱਖਿਆ ਏ , ਜਿਸ ਨਾਲ ਸੂਬੇ ਵਿੱਚ ਖੇਡਾਂ ਅਤੇ ਖਿਡਾਰੀਆਂ ਨੂੰ ਕਾਫ਼ੀ ਲਾਭ ਮਿਲੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਸਮਾਗਮ ਸੂਬੇ ਭਰ ਵਿੱਚ ਖੇਡ ਸੱਭਿਆਚਾਰ ਸਥਾਪਤ ਕਰਨ ਵਿੱਚ ਸਕਾਰਾਤਮਕ ਯੋਗਦਾਨ ਪਾਵੇਗਾ । ਇਹਨਾਂ ਖੇਡਾਂ ਦੇ ਪਹਿਲੇ ਦਿਨ ਹਰ ਉਮਰ ਵਰਗ ਦੇ ਐਥਲੀਟਾਂ ਨੇ 10 ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ।

---------------------------------------------------------------------

ਭਾਰਤੀ ਮੌਸਮ ਵਿਭਾਗ ਨੇ ਕਿਹਾ ਏ ਕਿ ਅਗਲੇ ਕੁਝ ਦਿਨਾਂ ਵਿੱਚ ਦੋ ਪੱਛਮੀ ਗੜਬੜੀਆਂ ਉੱਤਰੀ ਭਾਰਤ ਨੂੰ ਪ੍ਰਭਾਵਤ ਕਰਨਗੀਆਂ ।

ਭਵਿੱਖਬਾਣੀ ਅਨੁਸਾਰ ਅੱਜ ਤੋਂ 5 ਫਰਵਰੀ ਤੱਕ ਪੰਜਾਬ ਅਤੇ ਹਰਿਆਣਾ ਵਿੱਚ ਕੁਝ ਥਾਵਾਂ 'ਤੇ ਹਲਕੀ ਬਾਰਸ਼ ਹੋਣ ਦੀ ਸੰਭਾਵਨਾ ਜਤਾਈ ਗਈ ਏ। ਰਾਸ਼ਟਰੀ ਰਾਜਧਾਨੀ ਦਿੱਲੀ ਅਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿੱਚ ਭਲਕੇ ਤੋਂ ਬੱਦਲ ਛਾਏ ਰਹਿਣ ਅਤੇ ਹਲਕੀ ਬਾਰਸ਼ ਹੋਣ ਦੀ ਪੇਸ਼ੀਨਗੋਈ ਕੀਤੀ ਗਈ ਏ।

------------------------------------------------------------------------

- ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਏ ਕਿ ਵਿਸ਼ਵ ਭਰ ਵਿਚ ਅਸਥਿਰਤਾ ਦਰਮਿਆਨ, ਭਾਰਤ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਥਿਰਤਾ ਦੇ ਥੰਮ੍ਹ ਵਜੋਂ ਵਿਸ਼ਵ ਦੇ ਸਾਹਮਣੇ ਇੱਕ ਮਿਸਾਲ ਕਾਇਮ ਕਰ ਰਿਹਾ ਏ।
- ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਸੰਸਦ ਦੀਆਂ ਦੋਹਾਂ ਸਭਾਵਾਂ ਵਿਚ ਆਰਥਿਕ ਸਰਵੇਖਣ ਪੇਸ਼ ਕੀਤਾ - ਸਾਲ 2025-26 ਲਈ ਆਮ ਬਜਟ ਕੱਲ ਪੇਸ਼ ਕੀਤਾ ਜਾਵੇਗਾ I
- ਫਿਰੋਜ਼ਪੁਰ 'ਚ ਅੱਜ ਸਵੇਰੇ ਵਾਪਰੇ ਦਰਦਨਾਕ ਸੜਕ ਹਾਦਸੇ 'ਚ, 12 ਲੋਕਾਂ ਦੀ ਮੌਤ ਹੋ ਗਈ ਅਤੇ 9 ਜ਼ਖਮੀ ਹੋਏ ਨੇ I

- ਮੌਸਮ ਵਿਭਾਗ ਨੇ ਅੱਜ ਤੋਂ 5 ਫਰਵਰੀ ਤੱਕ ਪੰਜਾਬ, ਹਰਿਆਣਾ ਵਿੱਚ ਹਲਕੀ ਬਾਰਸ਼ ਹੋਣ ਦੀ ਸੰਭਾਵਨਾ ਜਤਾਈ I
- ਕਿਲ੍ਹਾ ਰਾਇਪੁਰ ਪੇਂਡੂ ਓਲੰਪਿਕ ਖੇਡਾਂ ਅੱਜ ਤੋਂ ਹੋਈਆਂ ਸ਼ੁਰੂ I